ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਦਫਤਰੀ ਹੁਕਮ 03 /ਡੀ.ਐਸ.ਆਈ/ਤੀ-134 ਮਿਤੀ 05-06.2012

ਜਿਵੇਂ ਕਿ ਸ੍ਰੀ ਸੁਖਵਿੰਦਰ ਸਿੰਘ ਕੈਂਥ, ਉਪ ਮੁੱਖ ਲੇਖਾ ਅਫਸਰ(ਕੋਡ ਨੰ:4915) ਨੂੰ ਹੇਠ ਲਿੱਖੇ ਦੋਸ਼ਾਂ ਲਈ ਦੋਸ਼ ਸੂਚੀ ਨੰ: 535 ਮਿਤੀ 29.04.11 ਜਾਰੀ ਕੀਤੀ ਗਈ:-

ਸ੍ਰੀ ਸੁਖਵਿੰਦਰ ਸਿੰਘ ਕੈਥ ਉਪ ਮੁੱਖ ਲੇਖਾ ਅਫਸਰ(ਕੋਡ ਨੰ:4915) ਨੇ ਮਿਤੀ 21.07.03 ਤੋਂ 31.08.04 ਤੱਕ ਸਮੇਤ ਅਗੇਤਰ 19.20/7/03 ਘਰੇਲੂ ਮਸਲਿਆਂ ਨੂੰ ਸੁਲਝਾਉਣ ਲਈ ਵਿਦੇਸ਼(ਕਨੇਡਾ) ਜਾਣ ਵਾਸਤੇ ਦ:ਹੁ ਨੰ: 625 ਮਿਤੀ 23.7.03 (ਲੜੀ ਨੰ: 147) ਰਾਹੀਂ ਛੁੱਟੀ ਮੰਨਜੂਰ ਕਰਵਾਈ ਸੀ। ਅਧਿਕਾਰੀ ਛੁੱਟੀ ਤੇ ਚੱਲ ਰਿਹਾ ਸੀ ਕਿ ਉਸ ਨੇ 14.6.04 ਨੂੰ ਲਿੱਖ ਕੇ ਦਿੱਤਾ ਕਿ ਉਹ ਵਾਪਸ ਇੰਡੀਆ ਆ ਗਿਆ ਹੈ ਅਤੇ ਉਸ ਨੂੰ 5 ਸਾਲ ਦੀ(**Self employment Leave**) ਦਿੱਤੀ ਜਾਵੇ ਜੀ ਅਤੇ ਨਾਲ ਹੀ ਰਿਵਾਈਜਡ ਛੁਟੀ ਮਿਤੀ 24.07.03 ਤੋਂ 16.07.04 ਤੱਕ ਅਤੇ 17.07.04 ਤੋਂ 16.07.09 ਤੱਕ ਦੀ **Self employment Leave** ਭਰ ਕੇ ਦਿੱਤੀ। ਜੋ ਇਸ ਦਫਤਰ ਦੇ ਦ:ਹੁ:ਨੰ: 330/ਬੀ.ਈ.ਜੀ-2 ਮਿਤੀ 07.07.04 ਨਾਲ ਮੰਨਜੂਰ ਕੀਤੀ ਗਈ ਸੀ ਜਿਸ ਵਿੱਚ ਹੇਠ ਲਿੱਖੀਆਂ ਸ਼ਰਤਾਂ ਪਾਈਆਂ ਗਈਆਂ ਸਨ:-

1. ਅਧਿਕਾਰੀ ਤਿੰਨ ਸਾਲ ਤੋਂ ਪਹਿਲਾਂ ਛੁੱਟੀ ਤੇ ਵਾਪਸ ਨਹੀਂ ਪਰਤੇਗਾ।
2. ਅਧਿਕਾਰੀ ਉਕਤ ਸਮੇਂ ਦੌਰਾਨ ਰਿਹਾਇਸ਼ੀ ਪਤੇ ਦੀ ਤਬਦੀਲੀ ਬਾਰੇ ਇਸ ਦਫਤਰ ਨੂੰ ਸੂਚਿਤ ਕਰੇਗਾ।
3. ਰੈਗੂਲੇਸ਼ਨ ਭਾਗ ਦੇ ਗਸਤੀ ਪੱਤਰ 30/2002 ਮਿਤੀ 15.11.02 ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰੇਗਾ।
4. ਅਧਿਕਾਰੀ ਛੁੱਟੀ ਖਤਮ ਤੋਂ ਇੱਕ ਮਹੀਨਾ ਪਹਿਲਾਂ ਅਗਲੇ ਤੈਨਾਤੀ ਹੁੱਕਮਾਂ ਲਈ ਬਿਨੈ ਕਰੇਗਾ।

ਪਰੰਤੂ ਅਧਿਕਾਰੀ ਨੇ ਨਿਸ਼ਚਿਤ ਮਿਤੀ ਤੇ ਨਾਂ ਤਾਂ ਡਿਊਟੀ ਜੁਆਇੰਨ ਕਰਨ ਬਾਰੇ ਕੋਈ ਸੂਚਨਾਂ ਇਸ ਦਫਤਰ ਨੂੰ ਦਿੱਤੀ ਅਤੇ ਨਾਂ ਹੀ ਛੁੱਟੀ ਦੇ ਵਾਧੇ ਸਬੰਧੀ ਇਸ ਦਫਤਰ ਨੂੰ ਲਿਖਿਆ ਅਤੇ ਛੁੱਟੀ ਖਤਮ ਹੋਣ ਉਪਰੰਤ ਡਿਊਟੀ ਤੋਂ ਗੈਰ ਹਾਜ਼ਰ ਰਿਹਾ। ਇਸ ਸਬੰਧੀ ਇਸ ਦਫਤਰ ਵਲੋਂ ਰਜਿਸਟਰਡ ਮੀਮੋ ਨੰ:30227/28 ਮਿਤੀ 22.2.10 ਅਤੇ 45927 ਮਿਤੀ 8.4.10 ਅਧਿਕਾਰੀ ਦੇ ਪਤੇ ਤੇ ਭੇਜੇ ਗਏ ਜੋ ਕਿ ਅਣਵੰਡੇ ਵਾਪਸ ਆ ਗਏ। ਇਸ ਉਪਰੰਤ ਅਧਿਕਾਰੀ ਦਾ ਜੁਆਇਨਿੰਗ ਆਰਡਰਾਂ ਸਬੰਧੀ ਬਿਨੈ ਪੱਤਰ ਜੋ ਕਿ ਮਿਤੀ 7.9.10 ਨੂੰ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਜਿਸ ਵਿੱਚ ਅਧਿਕਾਰੀ ਨੇ ਲਿਖਿਆ ਹੈ ਕਿ ਉਹ **unavoidable circumstances** ਕਰਕੇ ਛੁੱਟੀ ਖਤਮ ਹੋਣ ਉਪਰੰਤ ਡਿਊਟੀ ਜੁਆਇੰਨ ਨਹੀਂ ਕਰ ਸਕਿਆ।

ਨੋ. ...

S/L

ਇਸ ਉਪਰੰਤ ਮਿਤੀ 15.10.10 ਨੂੰ ਇਸ ਦਫਤਰ ਦੇ ਦਫਤਰੀ ਹੁੱਕਮ ਨੰ: 289/ਬੀ.ਈ.ਜੀ-2 ਮਿਤੀ 15.10.10 ਨਾਲ ਅਧਿਕਾਰੀ ਨੂੰ ਪੋਸਟਿੰਗ ਆਰਡਰ ਦਿੱਤੇ ਗਏ ਜਿਸ ਦੀ ਪਾਲਣਾ ਕਰਦੇ ਹੋਏ ਅਧਿਕਾਰੀ ਨੇ ਮਿਤੀ 15.10.10 ਬਾਅਦ ਦੁਪਹਿਰ ਦਫਤਰ ਡਿਪਟੀ /ਐਫ.ਏ-1, ਪੰ:ਰਾ:ਪਾ:ਕਾ:ਲਿਮ. ਪਟਿਆਲਾ ਦਾ ਚਾਰਜ ਲੈ ਲਿਆ ।ਫਿਰ ਅਧਿਕਾਰੀ ਨੇ ਮਿਤੀ 03.11.10 ਤੋਂ 02.11.14 ਤੱਕ ਬੱਚੇ ਦੀ ਪੜਾਈ ਅਤੇ ਘਰੇਲੂ ਸਮੱਸਿਆ ਲਈ ਛੁੱਟੀ ਮਾਨਣ ਵਾਸਤੇ ਮੁੜ ਸਮਰੱਥ ਅਧਿਕਾਰੀ ਤੋਂ ਛੁੱਟੀ ਮੰਨਜੂਰ ਕਰਵਾਏ ਬਗੈਰ ਅਤੇ ਸਬੰਧਤ ਉਚ ਅਧਿਕਾਰੀ ਵਲੋਂ ਛੁੱਟੀ ਮੰਨਜੂਰ ਕਰਵਾ ਕੇ ਜਾਣ ਸਬੰਧੀ ਜਾਰੀ ਹਦਾਇਤਾਂ ਦੀ ਉਲੰਘਣਾ ਕਰਕੇ ਅਤੇ ਚਾਰਜ ਕਿਸੇ ਹੋਰ ਅਧਿਕਾਰੀ ਨੂੰ ਦਿੱਤੇ ਬਿਨਾਂ ਡਿਊਟੀ ਤੋਂ ਗੈਰ ਹਾਜ਼ਰ ਹੋ ਗਏ। ਅਧਿਕਾਰੀ ਦਾ ਇਹ ਵਿਵਹਾਰ ਉਸ ਦੇ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰਨ ਲਈ ਪ੍ਰੇਰਿਤ ਕਰਦਾ ਹੈ।

ਜਿਵੇਂ ਕਿ ਸ੍ਰੀ ਸੁਖਵਿੰਦਰ ਸਿੰਘ ਕੈਂਥ ਨੂੰ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਦਾ ਜਵਾਬ ਦੇਣ ਲਈ ਮੀਮੋ ਨੰਬਰ 752/53 ਮਿਤੀ 9.6.11 ਰਾਹੀਂ ਦੋਸ਼ ਸੂਚੀ ਦੀ ਕਾਪੀ ਦੁਬਾਰਾ ਪਟਿਆਲਾ ਅਤੇ ਕਨੇਡਾ ਦੇ ਪਤੇ ਤੇ ਭੇਜ ਕੇ ਜਵਾਬ ਦੇਣ ਲਈ ਲਿਖਿਆ ਗਿਆ ਜਿਹਨਾਂ ਵਿਚੋਂ ਪਟਿਆਲਾ ਦੇ ਪਤੇ ਤੇ ਭੇਜੀ ਦੋਸ਼ ਸੂਚੀ ਅਣਵੰਡੀ ਵਾਪਸ ਆ ਗਈ ਅਤੇ ਵਿਦੇਸ਼ ਦੇ ਪਤੇ ਤੇ ਭੇਜੀ ਦੋਸ਼ ਸੂਚੀ ਵਾਪਿਸ ਨਹੀਂ ਆਈ।

ਜਿਵੇਂ ਕਿ ਇਸ ਦਫਤਰ ਦੇ ਮੀਮੋ ਨੰਬਰ 880 ਮਿਤੀ 15.07.11 ਰਾਹੀਂ ਅਧਿਕਾਰੀ ਨੂੰ ਸੂਚਿਤ ਕਰਨ ਲਈ ਮੁੱਖ ਆਈ. ਆਰ.ਡਬਲਿਊ ਪਟਿਆਲਾ ਦੇ ਦਫਤਰ ਰਾਹੀਂ ਪਬਲਿਕ ਨੋਟਿਸ ਇੰਡੀਅਨ ਐਕਸਪ੍ਰੈਸ ਅਤੇ ਪੰਜਾਬੀ ਟ੍ਰਿਬਿਊਨ ਅਖਬਾਰ ਵਿੱਚ ਮਿਤੀ 20.07.11 ਛਪਵਾਇਆ ਗਿਆ, ਜਿਸ ਰਾਹੀਂ ਉਸ(ਸ੍ਰੀ ਸੁਖਵਿੰਦਰ ਸਿੰਘ ਕੈਂਥ, ਉਪ ਮੁੱਖ ਲੇਖਾ ਅਫਸਰ) ਨੂੰ 20 ਦਿਨਾਂ ਦੇ ਅੰਦਰ ਅੰਦਰ ਆਪਣਾ ਜਵਾਬ/ਸਪਸ਼ਟੀਕਰਨ ਦੇਣ ਲਈ ਕਿਹਾ ਗਿਆ ।

ਜਿਵੇਂ ਕਿ ਦਫਤਰੀ ਹੁਕਮ ਨੰਬਰ 10 ਮਿਤੀ 16.11.2011 ਰਾਹੀਂ ਦੋਸ਼ ਸੂਚੀ ਦੀ ਵਿਭਾਗੀ ਪੜਤਾਲ ਲਈ ਮੁੱਖ ਲੇਖਾ ਅਫਸਰ ਟੂ ਡਾਇਰੈਕਟਰ/ਵਿੱਤ ਪੰ:ਰਾ:ਪਾ:ਕਾ:ਲਿਮ.ਪਟਿਆਲਾ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ।

ਜਿਵੇਂ ਕਿ ਮੁੱਖ ਲੇਖਾ ਅਫਸਰ ਟੂ ਡਾਇਰੈਕਟਰ/ਵਿੱਤ ਪੰ:ਰਾ:ਪਾ:ਕਾ:ਲਿਮ.ਪਟਿਆਲਾ ਨੇ ਆਪਣੀ ਪੜਤਾਲ ਰਿਪੋਰਟ ਪੱਤਰ ਨੰਬਰ 21 ਮਿਤੀ 02.03.12 ਰਾਹੀਂ ਇਸ ਦਫਤਰ ਨੂੰ ਭੇਜੀ, ਜਿਸ ਦਾ ਸਾਰਅੰਸ਼ ਇਸ ਤਰਾਂ ਹੈ:-

ਸਿੱਟਾ ਪੜਤਾਲ ਰਿਪੋਰਟ:-

*ਜਿਵੇਂ ਕਿ ਮੁਦਾਲੇ ਨੂੰ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਸਬੰਧੀ ਹੇਠ ਲਿੱਖੇ ਰਜਿਸਟਰਡ ਪੱਤਰਾਂ ਰਾਹੀਂ ਨਿਮਨ ਹਸਤਾਖਸਰ ਦੀ ਅਦਾਲਤ ਵਿੱਚ ਪੇਸ਼ ਹੋਣ ਲਈ ਲਿਖਿਆ ਗਿਆ ਸੀ ਪਰ ਮੁਦਾਲਾ ਅਦਾਲਤ ਵਿੱਚ ਹਾਜ਼ਰ ਨਹੀਂ ਹੋਇਆ:-*

| *ਲੜੀ.ਨੰ:* | *ਪੱਤਰ ਨੰ: ਅਤੇ ਮਿਤੀ* | *ਮੁਢਲੇ ਬਿਆਨ ਦਰਜ ਕਰਾਉਣ ਦੀ ਮਿਤੀ* |
|---|---|---|
| *1.* | *283/84 29.11.11* | *12/12/2011* |
| *2.* | *289/90 12.12.11* | *26.12.2011* |

ਸ. ਪਾਤਸ਼ੋ

3. 292/93 26.12.11 12.01.2012
4. ਪ੍ਰੈਸ ਨੋਟਿਸ ਨੰ:6 ਮਿਤੀ 12.1.12 15.02.12

ਕ੍ਰਮ ਨੰ: 4 ਤੇ ਪ੍ਰੈਸ ਨੋਟਿਸ ਨੰ:06 ਮਿਤੀ 12.01.12 ਦਿੱਤਾ ਗਿਆ ਜੋ ਮਿਤੀ 17.01.12 ਨੂੰ ਹਿੰਦੁਸਤਾਨ ਟਾਈਮਜ ਚੰਡੀਗੜ੍ਹ ਅਤੇ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਵਿੱਚ ਛਪਵਾਇਆ ਗਿਆ, ਜਿਸ ਵਿੱਚ ਸਪਸ਼ਟ ਕੀਤਾ ਕਿ ਸ੍ਰੀ ਸੁਖਵਿੰਦਰ ਸਿੰਘ ਕੈਂਥ, ਉਪ ਮੁੱਖ ਲੇਖਾ ਅਫਸਰ ਨੂੰ ਸਾਧਾਰਨ ਤਰੀਕੇ ਨਾਲ ਪੇਸ਼ ਨਹੀਂ ਕਰਵਾਇਆ ਜਾ ਸਕਦਾ। ਇਸ ਲਈ ਹੁਣ ਉਤਰਦਾਇਕ ਅਧਿਕਾਰੀ ਨੂੰ ਇਸ ਨੋਟਿਸ ਰਾਹੀਂ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਛੱਪਣ ਤ੍ਹੋਂ 20 ਦਿਨਾਂ ਦੇ ਅੰਦਰ ਅੰਦਰ ਜਾਂ ਮਿਤੀ 15.02.12 ਨੂੰ ਸਵੇਰੇ 10.00 ਵਜੇ ਅਦਾਲਤ ਵਿੱਚ ਪੇਸ਼ ਹੋ ਕੇ ਆਪਣੇ ਮੁਢਲੇ ਬਿਆਨ ਕਲਮਬੰਦ ਕਰਾਉਣ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬਿਨਾਂ ਕੋਈ ਹੋਰ ਸੂਚਨਾਂ ਦਿੱਤੇ ਇਕਤਰਫਾ ਕਾਰਵਾਈ ਕੀਤੀ ਜਾਵੇਗੀ। ਮੁਦਾਲਾ ਮਿਤੀ 15.02.12 ਨੂੰ ਨਿਮਨ ਹਸਤਾਖਸਰ ਦੀ ਅਦਾਲਤ ਵਿੱਚ ਪੇਸ਼ ਨਹੀਂ ਹੋਇਆ। ਇਸ ਲਈ ਅਦਾਲਤ ਵਲੋਂ ਬਣਦੀ ਇੱਕ ਤਰਫਾ ਕਾਰਵਾਈ ਕਰਨ ਲਈ ਫੈਸਲਾ ਕੀਤਾ ਗਿਆ।

ਉਪਰੋਕਤ ਤੋਂ ਜਾਪਦਾ ਹੈ ਕਿ ਅਧਿਕਾਰੀ ਨੂੰ ਇਸ ਅਦਾਲਤ ਵਲੋਂ ਬਾਰ ਬਾਰ ਮੌਕਾ ਦੇਣ ਤੇ ਵੀ ਅਧਿਕਾਰੀ ਜਾਣ ਬੁੱਝ ਕੇ ਅਦਾਲਤ ਵਿੱਚ ਪੇਸ਼ ਨਹੀਂ ਹੋਇਆ ਜਿਸ ਤੋਂ ਸਾਬਤ ਹੁੰਦਾ ਹੈ ਕਿ ਅਧਿਕਾਰੀ ਉਸ ਪ੍ਰਤੀ ਲੱਗੇ ਦੋਸ਼ਾਂ ਨਾਲ ਸਹਿਮਤ ਹੈ। ਇਸ ਲਈ ਅਧਿਕਾਰੀ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ ਸਿੱਧ ਹੁੰਦੇ ਹਨ ।

ਜਿਵੇਂ ਕਿ ਅਧਿਕਾਰੀ ਨੂੰ ਇਸ ਦਫਤਰ ਦੇ ਰਜਿਸਟਰਡ ਪੱਤਰ ਨੰ:316 ਅਤੇ 317 ਮਿਤੀ 16.03.12 ਰਾਹੀਂ ਪੜਤਾਲ ਰਿਪੋਰਟ ਦੀ ਕਾਪੀ ਉਸ ਦੇ ਲੋਕਲ ਪਟਿਆਲਾ ਅਤੇ ਵਿਦੇਸ਼ (ਕਨੇਡਾ) ਦੇ ਪਤੇ ਤੇ ਭੇਜੀ ਗਈ। ਲੋਕਲ ਪਟਿਆਲਾ ਦੇ ਪਤੇ ਤੇ ਭੇਜੀ ਗਈ ਪੜਤਾਲ ਰਿਪੋਰਟ ਦੀ ਕਾਪੀ ਅਣਵੰਡੀ ਵਾਪਸ ਦਫਤਰ ਵਿੱਚ ਪ੍ਰਾਪਤ ਹੋਈ ਅਤੇ ਵਿਦੇਸ਼ ਦੇ ਪਤੇ ਤੇ ਭੇਜੀ ਪੜਤਾਲ ਰਿਪੋਰਟ ਵਾਪਿਸ ਪ੍ਰਾਪਤ ਨਹੀਂ ਹੋਈ ਅਤੇ ਨਾਂ ਹੀ ਕੋਈ ਰਿਬਟਲ ਪ੍ਰਾਪਤ ਹੋਈ।

ਇਸ ਦੇ ਉਪਰੰਤ ਜਿਵੇਂ ਕਿ ਅਧਿਕਾਰੀ ਨੂੰ ਰਿਬਟਲ ਦੇਣ ਵਾਸਤੇ ਇੱਕ ਆਖਰੀ ਮੌਕਾ ਦਿੰਦੇ ਹੋਏ ਪਬਲਿਕ ਨੋਟਿਸ ਹਿੰਦੁਸਤਾਨ ਟਾਈਮਜ਼ ਅਤੇ ਪੰਜਾਬੀ ਟ੍ਰਿਬਿਊਨ ਅਖਬਾਰ ਵਿੱਚ ਛਪਵਾਇਆ ਗਿਆ ਪਰੰਤੂ ਨਿਰਧਾਰਤ ਸਮੇਂ ਅੰਦਰ ਅਧਿਕਾਰੀ ਦਾ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।

ਜਿਵੇਂ ਕਿ ਉਪਰੋਕਤ ਤੱਥਾਂ ਦੇ ਆਧਾਰ ਤੇ ਇਹ ਸਾਫ ਸਿੱਧ ਹੁੰਦਾ ਹੈ ਕਿ ਸ੍ਰੀ ਸੁਖਵਿੰਦਰ ਸਿੰਘ ਕੈਂਥ, ਉਪ ਮੁੱਖ ਲੇਖਾ ਅਫਸਰ(ਕੋਡ ਨੰ: 4915) ਅਣਅਧਿਕਾਰਤ ਢੰਗ ਨਾਲ ਡਿਊਟੀ ਤੋਂ ਗੈਰ ਹਾਜ਼ਰ ਰਿਹਾ ਹੈ। ਪੰਜਾਬ ਰਾਜ ਬਿਜਲੀ ਬੋਰਡ(ਹੁਣ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ.) ਵਲੋਂ ਸਾਰੀ ਵਿਭਾਗੀ(**Departmental;**)ਕਾਰਵਾਈ ਕਰਨ ਉਪਰੰਤ ਮੇਰੇ (ਸੁਭਾਸ਼ ਚੰਦ ਅਰੋੜਾ) ਕੋਲ ਅਧਿਕਾਰੀ ਨੂੰ ਬਰਤਰਫੀ(**Removal from Service**)ਕਰਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਰਹਿ ਜਾਂਦਾ।

ਸ਼ੁ. ਅਰੋੜਾ

ਇਸ ਲਈ ਮੈਂ(ਸੁਭਾਸ਼ ਚੰਦ ਅਰੋੜਾ) ਡਾਇਰੈਕਟਰ/ਵਿੱਤ, ਪੰ:ਰਾ:ਪਾ:ਕਾ:ਲਿਮ. ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ੍ਰੀ ਸੁਖਵਿੰਦਰ ਸਿੰਘ ਕੈਂਥ, ਉਪ ਮੁੱਖ ਲੇਖਾ ਅਫਸਰ(ਕੋਡ ਨੰ:4915) ਨੂੰ ਇਸ ਦਫਤਰੀ ਹੁੱਕਮ ਰਾਹੀਂ ਪੰਜਾਬ ਰਾਜ ਬਿਜਲੀ ਬੋਰਡ(ਹੁਣ ਪੰ:ਰਾ:ਪਾ:ਕਾ:ਲਿਮ) ਸਜ਼ਾ ਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5 ਜੋ ਕਿ ਵਿਨਿਯਮ 8 ਨਾਲ ਪੜਿਆ ਜਾਵੇ, ਅਧੀਨ ਤਤਕਾਲ ਪ੍ਰਭਾਵ ਤੋਂ ਸੇਵਾ ਤੋਂ ਬਰਤਰਫ(**Removal from Service**) ਕਰਨ ਦੇ ਹੁੱਕਮ ਜਾਰੀ ਕਰਦਾ ਹਾਂ।ਉਸ ਸ੍ਰੀ ਸੁਖਵਿੰਦਰ ਸਿੰਘ ਕੈਥ ਉਪ ਮੁੱਖ ਲੇਖਾ ਅਫਸਰ(ਕੋਡ ਨੰ:4915) ਦੇ ਗੈਰ ਹਾਜ਼ਰੀ ਸਮੇਂ ਨੂੰ ਨਾਨ ਡਿਊਟੀ ਪੀਰੀਅਡ ਮੰਨਣ ਦਾ ਫੈਸਲਾ ਕਰਦਾ ਹਾਂ।

ਇਸ ਲਈ ਹੁਣ ਸ੍ਰੀ ਸੁਖਵਿੰਦਰ ਸਿੰਘ ਕੈਂਥ, ਉਪ ਮੁੱਖ ਲੇਖਾ ਅਫਸਰ(ਕੋਡ ਨੰ: 4915) ਨੂੰ ਪਾਵਰਕਾਮ ਦੀਆਂ ਸੇਵਾਵਾਂ ਤੋਂ ਤਤਕਾਲ ਅਸਰ ਤੋਂ ਬਰਤਰਫ(**Removal from Service**) ਕੀਤਾ ਜਾਂਦਾ ਹੈ ਅਤੇ ਉਸ ਦਾ ਗੈਰ ਹਾਜ਼ਰੀ ਸਮਾਂ ਨਾਨ ਡਿਊਟੀ ਕੀਤਾ ਜਾਂਦਾ ਹੈ।

ਅਧਿਕਾਰੀ ਦੇ ਸੇਵਾ ਵੇਰਵੇ:-

| | |
|---|---|
| 1) ਨਾਂ | ਸ੍ਰੀ ਸੁਖਵਿੰਦਰ ਸਿੰਘ ਕੈਥ |
| 2) ਅਹੁੱਦਾ | ਉਪ ਮੁੱਖ ਲੇਖਾ ਅਫਸਰ(ਕੋਡ ਨੰ:4915) |
| 3) ਪਿਤਾ ਦਾ ਨਾਂ | ਸ੍ਰ. ਅਮਰ ਸਿੰਘ |
| 4) ਜਨਮ ਮਿਤੀ | 03.01.1966 |
| 5) ਸੇਵਾ ਮੁਕਤੀ ਦੀ ਮਿਤੀ | 31.01.2024 |

1.6.12

(ਸੁਭਾਸ਼ ਚੰਦ ਅਰੋੜਾ)
ਡਾਇਰੈਕਟਰ/ਵਿੱਤ,
ਪੰ:ਰਾ:ਪਾ:ਕਾ:ਲਿਮ.ਪਟਿਆਲਾ।

ਪਿੱਠ ਅੰਕਣ ਨੰ: 613/28 /ਡੀ.ਐਸ.ਆਈ./ਡੀ.-134 ਮਿਤੀ:-05.06.2012

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡਾਇਰੈਕਟਰ/ਐਚ.ਆਰ., ਪੀ.ਐਸ.ਪੀ.ਸੀ.ਐਲ. ਪਟਿਆਲਾ
2. ਮੁੱਖ ਇੰਜੀਨੀਅਰ/ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ. ਪਟਿਆਲਾ
3. ਮੁੱਖ ਲੇਖਾ ਅਫਸਰ, ਪੀ.ਐਸ.ਪੀ.ਸੀ.ਐਲ. ਪਟਿਆਲਾ
4. ਮੁੱਖ ਲੇਖਾ ਅਫਸਰ ਟੂ ਡਾਇਰੈਕਟਰ/ਵਿੱਤ ਪੀ.ਐਸ.ਪੀ.ਸੀ.ਐਲ. ਪਟਿਆਲਾ

5. ਮੁੱਖ ਲੇਖਾ ਅਫਸਰ/ਤਨਖਾਹ ਤੇ ਲੇਖਾ, ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸਦਾ ਇੰਦਰਾਜ਼ ਅਧਿਕਾਰੀ ਦੀ ਸੇਵਾ ਪੱਤਰੀ ਵਿੱਚ ਕੀਤਾ ਜਾਵੇ ਅਤੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
6. ਉਪ ਮੁੱਖ ਇੰਜੀਨੀਅਰ/ਇਨਕੁਆਰੀ, ਪੀ.ਐਸ.ਪੀ.ਸੀ.ਐਲ. ਪਟਿਆਲਾ
7. ਸੰਯੁਕਤ ਸਕੱਤਰ/ਕੰਪਿਊਟਰਾਈਜੇਸ਼ਨ, ਪੀ.ਐਸ.ਪੀ.ਸੀ.ਐਲ. ਪਟਿਆਲਾ
8. ਉਪ ਸਕੱਤਰ ਸੇਵਾਵਾਂ-2, ਪੀ.ਐਸ.ਪੀ.ਸੀ.ਐਲ. ਪਟਿਆਲਾ
9. ਲੇਖਾ ਅਫਸਰ/ਜੀ.ਪੀ.ਫੰਡਜ਼, ਪੀ.ਐਸ.ਪੀ.ਸੀ.ਐਲ. ਪਟਿਆਲਾ
10. ਲੇਖਾ ਅਫਸਰ/ ਪੈਨਸ਼ਨ, ਪੀ.ਐਸ.ਪੀ.ਸੀ.ਐਲ. ਪਟਿਆਲਾ
11. ਸੀਨੀ.ਨਿੱਜੀ ਸਕੱਤਰ ਟੂ ਸੀ.ਐਮ.ਡੀ., ਪੀ.ਐਸ.ਪੀ.ਸੀ.ਐਲ. ਪਟਿਆਲਾ
12. ਸੀਨੀ.ਨਿੱਜੀ ਸਕੱਤਰ ਟੂ ਡਾਇਰੈਕਟਰ/ਵਿੱਤ, ਪੀ.ਐਸ.ਪੀ.ਸੀ.ਐਲ. ਪਟਿਆਲਾ
13. ਅਧੀਨ ਸਕੱਤਰ/ਗੁਪਤ (ਗਜਟੀ), ਪੀ.ਐਸ.ਪੀ.ਸੀ.ਐਲ. ਪਟਿਆਲਾ
14. ਅਧੀਨ ਸਕੱਤਰ/ਅਮਲਾ ਗਜਟੀ-2, ਪੀ.ਐਸ.ਪੀ.ਸੀ.ਐਲ. ਪਟਿਆਲਾ
15. ਸ੍ਰੀ ਸੁਖਵਿੰਦਰ ਸਿੰਘ ਕੈਂਥ ਪੁੱਤਰ ਸ੍ਰੀ ਅਮਰ ਸਿੰਘ, 85, ਨਿਊ ਲਾਲ ਬਾਗ ਕਲੋਨੀ, ਪਟਿਆਲਾ(ਰਜਿ.)
16. Sh. Sukhwinder Singh kainth, 37, WILDSKY Road, Brampton ONT L6Y5P9, Canada. (Regd.)

ਉੱਪ ਸਕੱਤਰ /ਇਨਕੁਆਰੀ
ਪੀ.ਐਸ.ਪੀ.ਸੀ.ਐਲ. ਪਟਿਆਲਾ